# ਇਕ ਕੁੜੀ ਇਕ ਬੇਰੀ

(**ਬਲਵੰਤ ਗਾਰਗੀ** ਦੇ ਨਾਟਕ *ਕਣਕ ਦੀ ਬੱਲੀ* ’ਤੇ ਆਧਾਰਿਤ)

ਮੰਚ ਖੁੱਲਣ ’ਤੇ ਤਾਰੋ ਉਦਾਸ ਬੈਠੀ ਹੈ, ਪਿਛੋਂ ਆਵਾਜ਼ ਆਉਂਦੀ ਹੈ।

ਪੂਰਾ ਚੰਨ ਅਸਮਾਨੀ ਚੜ੍ਹਿਆ, ਮੈਂ ਆਪਣੇ ਚੰਨ ਨੂੰ ਭਾਲਾਂ,
ਸਿਖ਼ਰ ਦੁਪਿਹਰਾਂ ਵਰਗਾ ਜੋਬਨ, ਕਾਲੀਆਂ ਰਾਤਾਂ ਵਿਚ ਗਾਲਾਂ,
ਬਿਰਹੋਂ ਰੋਗ ਨੇ ਅੱਗ ਜੋ ਲਾਈ, ਹੱਡੀਆਂ ਦਾ ਬਾਲਣ ਬਾਲਾਂ,
ਇਕ ਵਾਰੀ ਆ ਸੱਜਣਾ, ਤੈਨੂੰ ਦਿਲ ਦੀ ਡੱਬੀ ’ਚ ਪਾਲਾਂ,

ਸੂਬੇਦਾਰ : ਤਾਰੋ

ਤਾਰੋਂ : ਹਾਂ ਤਾਇਆ

ਸੂਬੇਦਾਰ : ਅੱਜ ਫੇਰ ਉਦਾਸ ਬੈਠੀ ਏ

ਤਾਰੋ : ਨਹੀਂ ਤਾਂ।

ਸੂਬੇਦਾਰ : ਮੇਰੇ ਕੋਲੋਂ ਕੀ ਛੁਪਾਨੀ ਏਂ। ਮੈਨੂੰ ਪਤਾ ਏ ਤੂੰ ਉਦਾਸ ਕਿਉਂ ਏਂ ? ਧੀਏ ਯਕੀਨ ਰੱਖ, ਜੇ ਤੇਰਾ ਪਿਆਰ ਸੱਚਾ ਏ ਤਾਂ ਉਹ ਜ਼ਰੂਰ ਆ ਜਾਏਗਾ।

ਤਾਰੋ : ਯਕੀਨ ਤਾਂ ਮੈਨੂੰ ਵੀ ਏ ਤਾਇਆ ਪਰ …

ਸੂਬੇਦਾਰ : ਧੀਏ ਮੈਨੂੰ ਪਤਾ ਏ ਕਿ ਉਡੀਕ ਹੀ ਹੁੰਦੀ ਏ ਪਰ ਫੇਰ ਵੀ ਇਹ ਕਰਨੀ ਹੀ ਪੈਂਦੀ ਏ। ਕਈ ਵਾਰੀ ਘੜੀ ਦਾ ਖੁੰਝਿਆ ਕੋਹਾਂ ’ਤੇ ਜਾ ਪੈਂਦਾ ਏ। ਮੇਰੇ ਵੱਲ ਹੀ ਵੇਖ ਲੈ। ਪਿਛਲੀ ਜੰਗ ਵਿਚ ਮੈਂ ਕੈਦ ਹੋ ਗਿਆ। ਤੇਰੀ ਤਾਈ ਦੇ ਘਰਵਾਲਿਆਂ ਨੇ ਸਮਝਿਆ ਕਿ ਮਰ ਖਪ ਗਿਆ ਹੋਵਾਂਗਾ। ਉਨ੍ਹਾਂ ਤੇਰੀ ਤਾਈ ਨੂੰ ਦੂਜੇ ਥਾਂ ਬਿਠਾ ਦਿੱਤਾ। ਮੈਂ ਜੰਗ ਤੋਂ ਵਾਪਸ ਆਇਆ ਤਾਂ ਮੇਰੀ ਦੁਨੀਆਂ ਉਜੜ ਚੁੱਕੀ ਸੀ। ਤੇਰੀ ਤਾਈ ਨੇ ਸੁਣਿਆ ਤਾਂ ਉਹਨੇ ਖੂਹ ਵਿਚ ਛਾਲ ਮਾਰ ਦਿੱਤੀ ਤੇ ਉਸ ਦਿਨ ਤੋਂ ਬਾਅਦ ਮੈਂ ਇਸ ਭਰੀ ਦੁਨੀਆਂ ਵਿਚ ਇਕੱਲਾ ਹੀ ਰਹਿ ਗਿਆ। ਇਸੇ ਲਈ ਮੈਂ ਕਹਿਨਾਂ ਹਾਂ ਜਿਥੇ ਏਨੀ ਉਡੀਕ ਕੀਤੀ ਏ ਉਥੇ ਕੁਝ ਚਿਰ ਹੋਰ ਸਹੀ।

ਤਾਰੋ : ਮੈਂ ਤਾਂ ਉਮਰ ਭਰ ਉਡੀਕ ਕਰ ਸਕਦੀ ਹਾਂ ਪਰ ਮੱਘਰ ਵਰਗੇ।

ਸੂਬੇਦਾਰ : ਮੱਘਰ ਕੀ ? ਚਾਰ ਵਿਆਹ ਕਰਵਾ ਚੁੱਕਾ ਏ। ਹਾਲੇ ਵੀ ਲਾਲਸਾ ਨਹੀਂ ਮੁੱਕੀ।

ਤਾਰੋ : ਉਹ ਮੇਰੇ ਮਾਮੇ ਨੂੰ ਲਾਲਚ ਦਿੰਦਾ ਏ ਇਸੇ ਲਈ ਫੇਰੇ ਪਾਉਂਦਾ ਰਹਿੰਦਾ ਹੈ। ਦੇਖ ਹੁਣ ਵੀ ਮੁਸ਼ਟੰਡਾ ਹੱਸਦਾ ਪਿਆ ਏ। ਮੈਂ ਤਾਂ ਜਾਂ ਇਹਦੀ ਜਾਨ ਕੱਢ ਦੇਵਾਂਗੀ ਜਾਂ ਆਪਣੀ ਜਾਨ ਦੇ ਦੇਵਾਂਗੀ। (ਮੱਘਰ ਆਉਂਦਾ ਹੈ ਤੇ ਨਾਲ ਝੰਡੂ ਹੈ ਉਹ ਉਹਦੀਆਂ ਜੁੱਤੀਆਂ ਝਾੜ ਰਿਹਾ ਹੈ)

ਮੱਘਰ : ਉਏ ਪਰਾਂ ਹੋ ਕੇ ਮਰ ਉਤੇ ਹੀ ਚੜ੍ਹਿਆ ਜਾਂਦਾ ਏ।

ਝੰਡੂ : ਮੋਤੀਆਂ ਵਾਲਿਓ ਅਸੀਂ ਤਾਂ ਤੁਹਾਡੇ ਪੈਰਾਂ ਦੀ ਮਿੱਟੀ ਹਾਂ।

ਮੱਘਰ : ਪੈਰਾਂ ਦੀ ਮਿੱਟੀ ਏਂ ਤਾਂ ਪਰਾਂ ਹੋ। ਮੇਰੀਆਂ ਜੁੱਤੀਆਂ ਨਾ ਖਰਾਬ ਕਰ। ਓ ਤਾਰੋ ਤੇਰਾ ਮਾਮਾ ਕਿਥੇ ਏ ?

ਤਾਰੋ : ਕਿਉਂ ਉਹਦੇ ਨਾਲ ਤੈਨੂੰ ਕੋਈ ਕੰਮ ਏ ?

ਮੱਘਰ : ਕਹਿੰਦਾ ਸੀ, ਉਹਨੇ ਇਕ ਬੇਰੀ ਵੇਚਣੀ ਏ–ਮੈਂ ਆਖਿਆ ਮੈਂ ਹੀ ਸੌਦਾ ਕਰ ਲਵਾਂ।

ਸੂਬੇਦਾਰ : ਮੱਘਰਾ, ਚਾਰ ਬੇਰੀਆਂ ਦੇ ਬੇਰ ਖਾ ਚੁੱਕਿਆਂ ਏਂ, ਹਾਲੀ ਰਜਿਆ ਨਹੀਂ।

ਤਾਰੋ : ਪਰ ਇਸ ਬੇਰੀ ਨੂੰ ਸੋਚ ਕੇ ਹੱਥ ਪਾਵੀਂ ਨਿਰੇ ਕੰਡੇ ਨੇ।

ਮੱਘਰ : ਅਸੀਂ ਕੰਡਿਆਂ ਨੂੰ ਕੀ ਜਾਣੀਏ, ਸਾਨੂੰ ਤਾਂ ਬੇਰ ਖਾਣ ਨਾਲ ਮਤਲਬ ਏ।

ਝੰਡੂ : ਭਾਵੇਂ ਉਹ ਗਲ ਘੋਟੂ ਹੀ ਕਿਉਂ ਨਾ ਹੋਣ। (ਤਾਰੋ ਜਾਂਦੀ ਹੈ)

ਮੱਘਰ : (ਜਾਂਦੀ ਨੂੰ ਵੇਖ ਕੇ) ਵੇਖ ਕਿਸ ਤਰ੍ਹਾਂ ਜਾਂਦੀ ਏ ਸੱਪ ਵਾਂਗੂੰ ਮੇਲਦੀ।

ਝੰਡੂ : ਸਰਕਾਰ ਫੌਜੀ ਦੀ ਨਾਰ ਏ।

ਮੱਘਰ : ਉਏ ਮਰ ਖਪ ਗਏ ਫੌਜੀ ਹੁਣ ਤਾਂ ਕੁਝ ਦਿਨਾਂ ਨੂੰ.. ਆਪਣਾ ਹੀ ਮਾਲ ਏ (ਸੂਬੇਦਾਰ ਨੂੰ ਵੇਖ ਕੇ) ਸੂਬੇਦਾਰਾ ਅੱਜ ਬੰਦੂਕ ਨਹੀਂ ਚੁੱਕੀ।

ਸੂਬੇਦਾਰ : ਨਹੀਂ ਚੁੱਕੀ। ਮੈਂ ਆਖਿਆ ਐਵੇਂ ਆਦਤ ਪੈ ਜਾਵੇਗੀ, ਆਦਤ ਹਰ ਇਕ ਬੁਰੀ, ਭਾਵੇਂ ਸ਼ਰਾਬ ਪੀਣ ਦੀ ਹੋਵੇ, ਭਾਵੇਂ ਅਫ਼ੀਮ ਖਾਣ ਦੀ ਤੇ ਭਾਵੇਂ ਕੁੜੀਆਂ ਪਿਛੇ ਜਾਣ ਦੀ। (ਸੂਬੇਦਾਰ ਜਾਂਦਾ ਏ)

ਮੱਘਰ : ਕੀ ਕਹਿੰਦਾ ਏ ਬੁੱਢਾ ?

ਝੰਡੂ : ਸਰਕਾਰ ਆਦਮੀ ਜਦੋਂ ਬੁੱਢਾ ਹੋ ਜਾਂਦਾ ਏ ਤਾਂ ਉਸ ਦਾ ਦਿਲ ਨਰਮ ਪੈ ਜਾਂਦਾ ਏ।

ਮੱਘਰ : ਉਏ ਆਦਮੀ ਕਦੇ ਬੁੱਢਾ ਨਹੀਂ ਹੁੰਦਾ, ਉਹ ਤਾਂ ਘੋੜੇ ਵਾਂਗ ਰਹਿੰਦਾ ਏ ਤਿਆਰ ਬਰ ਤਿਆਰ। ਬਸ ਤੀਵੀਆਂ ਹੀ ਬੁੱਢੀਆਂ ਹੁੰਦੀਆਂ ਨੇ, ਗਾਵਾਂ ਮੱਝਾਂ ਵਾਂਗ ਪਰ ਜੇ ਉਹ ਕੁਸ਼ਤਾ ਖਾਣ ਤਾਂ ਕਦੇ ਬੁੱਢੀਆਂ ਨਾ ਹੋਣ।

ਝੰਡੂ : ਕੁਸ਼ਤਾ ਕੀ ਹੁੰਦਾ ਏ ਮੋਤੀਆਂ ਵਾਲਿਓ।

ਮੱਘਰ : ਤੈਨੂੰ ਨਹੀਂ ਪਤਾ ਕੁਸ਼ਤੇ ਦਾ। ਇਸ ਵਿਚ ਮੋਤੀ ਪੈਂਦੇ ਨੇ। ਸੋਨਾ ਪੈਂਦਾ ਏ। ਜੜੀਆਂ ਬੂਟੀਆਂ ਨਾ ਹੋਣ ਤਾਂ ਘੋਗੇ ਪੈਂਦੇ ਨੇ। ਸਾਡੇ ਬਾਬਾ ਜੀ ਕੁਸ਼ਤਾ ਖਾਂਧੇ ਸਨ, ਸੋ ਸਾਲ ਜਿਉਂਦੇ ਰਹੇ।

ਝੰਡੂ : ਆਹੋ ਜੀ ਅਸੀਂ ਕੁਸ਼ਤਾ ਨਹੀਂ ਖਾਧਾ ਤਾਂਹੀਓਂ ਸਾਡੀ ਤੀਵੀਂ ਬ੍ਰਾਹਮਣਾ ਦੇ ਮੁੰਡੇ ਨਾਲ ਨੱਸ ਗਈ।

ਮੱਘਰ : ਨੱਸ ਗਈ ਹੋਣੀ ਏ, ਤੂੰ ਉਹਨੂੰ ਕਦੇ ਕੁੱਟਿਆ ਨਹੀਂ ਹੋਣਾ, ਢੋਲ, ਕਣਕ, ਡੰਗਰ ਤੇ ਤੀਵੀਂ ਸਭਨਾਂ ਨੂੰ ਵੇਲੇ ਸਿਰ ਕੁੱਟਣਾ ਚਾਹੀਦਾ।

ਝੰਡੂ : ਨਾ ਮਹਾਰਾਜ, ਤੀਵੀਂ ਉਤੇ ਹੱਥ ਕਿਵੇਂ ਚੁੱਕਾ ?

ਮੱਘਰ : ਤਦੇ ਉਹ ਨਸ ਗਈ। ਵੇਖ ਮੈਂ ਤਿੰਨ ਵਿਆਹ ਕੀਤੇ, ਤਿੰਨਾਂ ਨੂੰ ਆਪਣੀ ਥਾਂ ਰੱਖਿਆ, ਚੌਥੀ ਸਰਦਾਰਨੀ ਏ, ਮਜਾਲ ਏ ਉਚਾ ਨੀਂਵਾਂ ਬੋਲ ਜਾਵੇ।

ਝੰਡੂ : ਮਹਾਰਾਜ ਤੁਸੀਂ ਭਾਵੇਂ ਬਾਰਾਂ ਵਿਆਹ ਕਰੋ। ਵੱਡੇ ਆਦਮੀਆਂ ਦੀਆਂ ਵੱਡੀਆਂ ਗੱਲਾਂ। ਅਸੀਂ ਇਕੋ ਵਿਆਹ ਕੀਤਾ ਤੇ ਸਾਡੀ ਤੀਵੀਂ ਬ੍ਰਾਹਮਣਾਂ ਦੇ ਮੁੰਡੇ ਨਾਲ ਭੱਜ ਗਈ।

ਮੱਘਰ : ਚੱਲ ਚੰਗਾ ਹੋਇਆ ਨੱਸ ਗਈ ਉਹਦੇ ਵਿਚ ਹੈ ਕੀ ਸੀ।

ਝੰਡੂ : ਸਭ ਕੁਝ ਸੀ।

ਮੱਘਰ : ਚਲ ਓਏ ਸਾਨੂੰ ਪਤਾ ਏ ਜੋ ਹੈ ਸੀ।

ਝੰਡੂ : ਮੈਂ ਵਿਆਹ 'ਤੇ ਪੂਰੇ ਤਿੰਨ ਸੌ ਖਰਚੇ ਸਨ, ਤਿੰਨ ਸੌ ਇਕ ਰਕਮ ਹੁੰਦੀ ਏ। ਭਾਵੇਂ ਦੋ ਵਿਘੇ ਜ਼ਮੀਨ ਲੈ ਲਊ। ਭਾਵੇਂ ਦੋ ਗਊਆਂ, ਸਾਰੀ ਉਮਰ ਦੁੱਧ ਪੀਓ। ਮੈਂ ਇਕ ਤੀਵੀਂ ਲਈ ਉਹ ਵੀ ਬ੍ਰਾਹਮਣਾ ਦੇ ਮੁਡੇ ਨਾਲ ਨੱਸ ਗਈ। ਸਰਦਾਰਾ ਇਕ ਗਲ ਏ ਸਾਡਾ ਮਾੜਾ ਜਿਹਾ ਕਿਸੇ ਨਾਲ ਝੱਗਾ ਲਗ ਜਾਏ ਤਾਂ ਉਹ ਭਿਟ ਜਾਂਦਾ ਏ। ਤੇ ਉਹ ਬ੍ਰਾਹਮਣਾ ਦਾ ਮੁੰਡਾ ਸਾਡੀ ਤੀਵੀ ਨਾਲ ਲੱਗ ਕੇ ਕਿਸ ਤਰ੍ਹਾਂ ਠੀਕ ਰਵੇਗਾ।

ਮੱਘਰ : ਉਹਨੂੰ ਹਰਕੀ ਪੌੜੀ ਨਵਾ ਲਿਆਉਣਗੇ। ਆਦਮੀ ਤਾਂ ਨਹਾਤਾ ਧੋਤਾ ਘੋੜਾ ਏ। ਉਸਨੂੰ ਕੁਝ ਨਹੀਂ ਹੁੰਦਾ। ਤੀਵੀਂ ਇਹੋ ਜਿਹੀ ਬਣੀ ਏ ਰੱਬ ਦੇ ਘਰੋਂ ਕਿ ਸਾਰੀ ਉਮਰ ਰੋਗ ਲੱਗ ਜਾਂਦਾ ਏ। ਹਾਂ ਤੇ ਤੈਨੂੰ ਤਾਬਾਂ ਨੂੰ ਸੁਨੇਹਾ ਦੇਣ ਲਈ ਕਿਹਾ ਸੀ।

ਝੰਡੂ : ਦੇ ਆਇਆਂ ਹਾਂ ਜੀ ਮੋਤੀਆਂ ਵਾਲਿਓ, ਇਕ ਅਰਜ਼, ਕਰਨੀ ਸੀ।

ਮੱਘਰ : ਉਏ ਕੀ ਐ ? ਹਰ ਵੇਲੇ ਅਰਜ਼.. ਵੇਲਾ ਕੁਵੇਲਾ ਤਾਂ ਵੇਖ ਲਿਆ ਕਰ ਤੜਕ, ਦੁਪਿਹਰ, ਤ੍ਰਿਕਾਲੀ, ਆਥਨ ਵੇਲਾ, ਹਰ ਵੇਲੇ ਅਰਜ਼

: ਭੌਂਕ।

ਝੰਡੂ : ਮਹਾਰਾਜ ਮੇਰੀ ਛੀਆਂ ਮਹੀਨਿਆਂ ਦੀ ਤਨਖਾਹ ਰਹਿੰਦੀ ਏ।

ਮੱਘਰ : ਕਿੰਨੀ ?

ਝੰਡੂ : ਮੈਨੂੰ ਗਿਣਤੀ ਨਹੀਂ ਆਉਂਦੀ ਮੋਤੀਆਂ ਵਾਲਿਓ, ਪਰ ਛੀਆਂ ਮਹੀਨਿਆਂ ਦੀ ਤਨਖਾਹ ਡੂਢ ਰੁਪਈਏ ਮਹੀਨੇ ਦੇ ਹਿਸਾਬ ਨਾਲ ਕੋਈ ਨੌਂ ਦੇ ਨੇੜੇ ਤੇੜੇ ਬਣਦੀ ਹੈ।

ਮੱਘਰ : ਕੰਜਰਾ, ਹਾਲੇ ਤੈਨੂੰ ਗਿਣਤੀ ਨਹੀਂ ਆਉਂਦੀ, ਜਦੋਂ ਤਨਖਾਹ ਜੋੜਨ ਦਾ ਵੇਲਾ ਆਉਂਦਾ ਏ ਤਾਂ ਲੇਖਾ ਬਾਣੀਏ ਵਾਂਗ ਕਰਦਾ ਏਂ। ਝੂਠਿਆ। ਸਾਂਝ ਸਵੇਰੇ ਘਰੋਂ ਲੱਸੀ ਦਾ ਗੜਵਾ ਲੈ ਜਾਨਾ ਏ, ਬਾਸੀ ਰੋਟੀਆਂ ਦੀ ਥਹੀ ਤੇਰੇ ਢਿੱਡ ਵਿਚ ਰੋਜ਼ ਪੈਂਦੀ ਏ। ਵਿਆਹ ਹੋਵੇ ਮਰਗ ਹੋਵੇ, ਕੋਈ ਜੰਮੇ ਕੋਈ ਮਰੇ ਤੇਰੀ ਲਾਗ ਕਿਤੇ ਨਹੀ ਗਈ ਫੇਰ ਵੀ ਹੱਥ ਅੱਡਿਆ ਰਹਿੰਦਾ ਓਏ ਤਨਖਾਹ ਤਾਂ ਥੋਡੇ ਕਮੀਨਾ ਦਾ ਵਜ਼ੀਫਾ ਲੱਗਿਐ।

ਝੰਡੂ : ਇਸ ਬਗੈਰ ਗੁਜ਼ਾਰਾ ਵੀ ਤਾਂ ਨਹੀਂ।

ਮੱਘਰ : ਅੱਛਾ ਸਿਰ ਨਾ ਖਾ। ਮਿਲ ਜਾਏਗੀ। (ਤਾਬਾਂ ਆਉਂਦੀ ਏ)

ਤਾਬਾਂ : ਲੈ ਸੁੱਖ ਨਾਲ ਸਰਦਾਰ ਖੜਾ ਏ।

ਮੱਘਰ : ਤਾਬਾਂ ਅੱਜ ਤੇ ਬੜੇ ਨਵੇਂ ਕੱਪੜੇ ਪਾਏ ਏ।

ਤਾਬਾਂ : ਮੇਲੇ ਚੱਲੀ ਆਂ, ਰੁਲਦੂ ਦੇ ਬਾਪੂ ਨੇ ਨਵਾ ਘੱਗਰਾ ਸਿਵਾ ਕੇ ਦਿੱਤਾ।

ਝੰਡੂ : ਰੁਲਦੂ ਦੇ ਬਾਪੂ ਨੇ ਜੁੱਤੀ ਨਹੀਂ ਲੈ ਕੇ ਦਿੱਤੀ।

ਤਾਬਾਂ : ਵੇ ਪਰ੍ਹਾਂ ਹੋ ਕਿੱਡਾ ਸਿਰ ਚੜਿਆ।

ਮੱਘਰ : ਮੇਰਾ ਕੰਮ ਕਰ ਦਿੱਤਾ।

ਤਾਬਾਂ : ਮੈਂ ਤਾਂ ਹਵਾ ਨੂੰ ਗੰਢ ਮਾਰ ਦਿਆਂ। ਬੱਦਲਾਂ ਵਿਚੋਂ ਮੋਰੀ ਕਰ ਦਿੱਆਂ। ਅਸਮਾਨ ਨੂੰ ਟਾਕੀ ਲਾ ਦਿਆਂ।

ਮੱਘਰ : ਫੇਰ ਮੇਰੀ ਕਿਸਮਤ ਨੂੰ ਟਾਕੀ ਲਾਈ ? ਅੱਗੇ ਗੱਲ ਤੋਰੀ ?

ਤਾਬਾਂ : ਪੈਸਿਆਂ ਬਾਝੋਂ ਗੱਲ ਕਿਵੇਂ ਤੋਰਾ, ਮਾਹਲ ਬਿਨਾਂ ਚਰਖੇ ਦੀ ਲੱਠ ਫਿਰਦੀ ਏ ਕਦੇ ?

ਮੱਘਰ : ਰੁਪਏ ਮਿਲ ਜਾਣਗੇ ਤੈਨੂੰ ? ਕੋਈ ਭੱਜੇ ਜਾਂਦੇ ਨੇ ਕਿਤੇ ?

ਤਾਬਾਂ : ਹੂੰ ... ਝੂਠੇ ਲਾਰੇ।

ਮੱਘਰ : ਮੇਰਾ ਇਤਬਾਰ ਨਹੀਂ ਕਰਦੀ ?

ਤਾਬਾਂ : ਬਥੇਰਾ ਕੀਤਾ ਇਤਬਾਰ ਤੇਰਾ। ਐਨਾ ਤਾਂ ਮੈਂ ਆਪਣੇ ਖਸਮ ਦਾ ਵੀ ਨਹੀਂ ਕੀਤਾ, ਪਰ ਇਸ ਦਾ ਇਨਾਮ ਕੀ ਮਿਲਿਆ ਮਿੱਟੀ। ਤੇਰੀ ਖਾਤਰ ਮੈਂ ਕਿਥੇ ਕਿਥੇ ਨਹੀਂ ਫੇਰੇ ਪਾਏ। ਨਾਈਆਂ ਦੀ ਕੁੜੀ ਤੈਨੂੰ

ਰਾਹ ਕੇ ਦਿੱਤੀ ਖਖੜੀ ਵਰਗੀ ਕੁੜੀ ਬਾਣੀਏ ਲੁਹਾਰ ਦੀ ਭਤੀਜੀ ਲਿਆਂਦੀ ਸਭ ਨੂੰ ਛਕ ਗਿਆ। ਛੇਕੜ ਮੈਨੂੰ ਠੁੱਠ ਵਿਖਾ ਦਿੱਤਾ। ਦੋ ਸੋ ਰੁਪਏ ਤੇ ਕੀ, ਦੋ ਸੌ ਗੀਠੇ ਵੀ ਨਾ ਦਿੱਤੇ।

ਮੱਘਰ : ਨੀ ਠਹਿਰ ਗੱਲ ਸੁਣ। ਲੈ ਫੜ ਹਾਲੇ ਪੰਜਾਹ ਤਾਂ ਫੜ।

ਤਾਬਾਂ : (ਰੁਪਏ ਛਣਕਾ ਕੇ) ਕਿੰਨੇ ਆਖੇ ਨੇ ? ਪੰਜਾਹ-ਪੰਜਾਹ ਠੀਕਰੀਆਂ ਵਿਚ ਕੁੜੀਆਂ ਭਾਲਦਾ ਏ।

ਮੱਘਰ : ਪੰਜਾਹ ਥੋੜੇ ਨੇ ? ਤੂੰ ਕਰਨਾ ਕੀ ਏ ? ਦੋ ਗੱਲਾਂ ਏਧਰ ਮਾਰੀਆਂ ਦੋ ਉਧਰ ਜੀਭ ਘਸ ਜਾਓ ਤੇਰੀ ?

ਤਾਬਾਂ : ਮੈਂ ਜੀਭ ਹਿਲੌਣੀਆਂ। ਤੂੰ ਤਾਂ ਉਹ ਵੀ ਨਹੀਂ ਕਰਦਾ। ਬੜੀ ਮਿਹਨਤ ਦੀ ਗੱਲ ਏ। ਕੁੱਤਾ ਵੀ ਪੂਛ ਹਿਲਾਉਂਦਾ ਏ ਤਾਂ ਰੋਟੀ ਦੇ ਟੁੱਕੜ ਨੂੰ। ਨਾ ਦੇਵੋ ਤਾਂ ਵੱਡ ਖਾਂਦਾ ਏ। ਕੁੜੀ ਘੇਰ ਕੇ ਲਿਆਉਣੀ ਸੋਖੀ ਆ ਕਿਤੇ, ਮੱਝ ਦੇ ਸਿਰੋਂ ਕੌਡੀ ਕੱਢਣ ਵਾਲੀ ਗੱਲ ਏ।

ਮੱਘਰ : ਆ ਹਾ.. ਤੂੰ ਤਾਂ ਰੁੱਸ ਗਈ।

ਤਾਬਾਂ : ਪਰ ਪੈਸੇ ਦੇਵੇਂਗਾ ਤਾਂ ਗੱਲ ਤੁਰਨੀ ਆ।

ਮੱਘਰ : ਮੇਰੀ ਸੱਸ ਮੰਜੀ ਮੱਲੀ ਪਈ ਏ। ਮਰਨ ਉਤੇ ਮੈਂ ਹੀ ਉਸ ਦੀ ਸਾਰੀ ਜਾਇਦਾਦਾਂ ਦਾ ਵਾਰਸ ਆਂ ਪੰਜਾਹ ਤੈਨੂੰ ਹੁਣ ਦੇ ਦਿੱਤੇ ਬਾਕੀ ਦੋ ਸਾਲਾਂ ਤੋਂ ਉਸਦੇ ਮਰਨ ਤੇ ਦਿਆਂਗਾ।

ਤਾਬਾਂ : ਹੂੰ ਬੁੱਢੀ ਬੜੀ ਤਗੜੀ ਏ, ਪਿਛਲੇ ਦੋ ਸਾਲਾਂ ਤੋਂ ਉਸ ਦੇ ਮਰਨ ਦੀਆਂ ਗੱਲਾਂ ਸੁਣਦੀ ਆ ਰਹੀ ਆਂ, ਏਡੀ ਛੇਤੀ ਨਹੀਂ ਉਸ ਮੰਜੀ ਛੱਡਣੀ।

ਮੱਘਰ : ਛੇਕੜਲੇ ਸਾਹਾਂ ਤੇ ਆਖ਼ਿਰ ਇਕ ਦਿਨ ਤਾਂ ਮਰੇਗੀ ਨਾ। ਸਾਂਭਣ ਵਾਲਾ ਕੌਣ ਏ ?

ਤਾਬਾਂ : ਤੇਰੀ ਤੀਵੀ ਜੋ ਬੈਠੀ ਏ, ਉਸ ਪੈਸੇ ਨੂੰ ਇਕ ਹੱਥ ਨਹੀਂ ਲਾਉਣ ਦੇਣਾ, ਸਾਰਾ ਰੁਪਿਆ ਉਸ ਸਾਂਭਣਾ ਏ।

ਮੱਘਰ : ਉਹ ਸਾਂਭਦੀ ਏ, ਖਰਚਦੀ ਨਹੀਂ, ਖਰਚਦਾ ਮੈਂ ਹੀ ਹਾਂ। ਸੰਸਾ ਨਾ ਲਾ ਰੁਪਏ ਕਿਤੇ ਨੱਸੇ ਨਹੀਂ ਜਾਂਦੇ। ਬੱਸ ਤਾਰੋ ਦੇ ਮਾਮੇ ਦੇ ਕੰਨ ਵਿਚ ਫੂਕ ਮਾਰਦੈ। ਜੋ ਕਹੇਂਗੀ ਮਿਲ ਜਾਵੇਗਾ। (ਠਾਕਰੀ ਆਉਂਦੀ ਏ।)

ਠਾਕਰੀ : ਸ਼ਰਮ ਨਹੀਂ ਆਉਂਦੀ। ਤੂੰ ਏਥੇ ਕੀ ਕਰਦਾ ਏ ਬੋਢਲਾ। ਤੀਵੀ ਦੀ ਤਾਂ ਦੂਰ ਤੋਂ ਹੀ ਸੂਹ ਕੱਢ ਲੈਂਦਾ ਏ। ਬੱਸ ਘਗਰੀ ਦਿਸ ਪਵੇ ਫਿਰ ਸੌ ਖੂਹ ਖਾਈਆਂ ਟੱਪ ਕੇ ਜਾ ਵੜਦਾ ਏ। ਉਏ ਮੈਂ ਆਖਦੀ ਆ ਕਿਸੇ ਦਿਨ ਖਾਈ ਵਿਚ ਡਿੱਗ ਪੈਣਾ ਏ ਤੂੰ।

ਮੱਘਰ : ਅੱਛਾ ਅੱਛਾ ਘਰ ਚਲ ਮੈਂ ਆ ਜਾਂਦਾ ਵਾਂ।

ਠਾਕਰੀ : ਮੁੱਛਾਂ ਨੂੰ ਵੱਟ ਦੇਣ ਲੱਗਿਆ ਏ ਇਸ ਤੋਂ ਚੰਗਾ ਘਰ ਬੈਠਾ ਵਾਣ ਵੱਟੇਂ, ਤਾਂ ਕੁਝ ਰੁਪਈਏ ਆਣ।

ਮੱਘਰ : ਤੂੰ ਨਾ ਪਿਛੋਂ ਹਟੀ ਕਦੇ। ਬਸ ਪੂਛ ਵਾਂਗ ਪਿਛੇ ਹੀ ਪਿਛੇ

ਠਾਕਰੀ : ਮੇਲੇ ਵਿਚ ਗਿਆ ਸੈਂ ਗਊ, ਮੱਝ ਲਿਆਦੀ ਉ, ਤੂੰ ਰੁਪਈਆਂ ਦਾ ਕੀ ਕੀਤਾ ਏ, ਲਿਆ ਫੜਾ ਮੇਰੇ ਰੁਪਈਏ।

ਮੱਘਰ : ਰੁਪਏ, ਉਡ ਗਏ ਫੁਰ।

ਠਾਕਰੀ : ਜੇ ਮੈਂ ਨਾ ਹੋਵਾਂ ਘਰ ਤੇ ਤੂੰ ਤੀਜੇ ਦਿਨ ਹੇਠਾਂ ਆ ਪਵੇ। ਤੂੰ ਮੇਰੀਆਂ ਟੂੰਮਾਂ ਵੇਚ ਵੱਟ ਕੇ ਖਾ ਲਈਆਂ। ਤੀਵੀਆਂ ਦੇ ਢਿੱਡ ਵਿਚ ਪਾ ਦਿੱਤਾ ਪੈਸਾ। ਤੂੰ ਤਾਂ ਮੈਨੂੰ ਵੀ ਵੇਚ ਆਵੇਂ ਪਰ ਤੇਰੇ ਜਿਹਾ ਕੁੱਤਾ ਆਦਮੀ ਕਿਸੇ ਦਾ ਨਾ ਹੋਵੇ।

ਮੱਘਰ : ਅੱਛਾ, ਅੱਛਾ। ਭੌਂਕ ਨਾ ਚਲ ਘਰ ਆਦਮੀ ਪੁਲਿਸ ਤੋਂ ਬਚ ਜਾਓ, ਪਰ ਤੇਰੇ ਵਰਗੀ ਤੀਵੀਂ ਤੋਂ ਨਹੀਂ ਬਚ ਸਕਦਾ। ਤੂੰ ਤਾਂ ਪਤਾਲ ਵਿਚ ਵੀ ਮੇਰੇ ਪਿਛੇ ਆ ਜਾਵੇ।

ਠਾਕਰੀ : ਤੇਰੇ ਵਰਗੇ ਨੂੰ ਨਰਕ ਵਿਚ ਹੀ ਥਾਂ ਮਿਲਣੀ ਏਂ ਕਿਤੇ।

ਮੱਘਰ : ਫਿਕਰ ਨਾ ਕਰ, ਘਰ ਈ ਮਰੂੰਗਾ, ਤੇਰੀਆਂ ਅੱਖਾਂ ਦੇ ਸਾਹਮਣੇ। ਪਰ ਹਾਲੇ ਨਹੀਂ ਮੇਲੇ ਪਿਛੋਂ। (ਠਾਕਰੀ ਘਗਰੀ ਭੜਕਾਉਂਦੀ ਚਲੀ ਜਾਂਦੀ)

ਤਾਬਾਂ : ਲੈ ਵੇਖ ਲਈ ਤੇਰੀ ਸਰਦਾਰੀ ਮੱਘਰਾ। ਕਿਵੇਂ ਬੋਲੀ ਤੇਰੀ ਸਰਦਾਰਨੀ।

ਮੱਘਰ : ਕਿਉਂ ਮੈਂ ਅੱਗੋਂ ਘੱਟ ਬੋਲਿਆਂ। ਅੱਛਾ ਹੁਣ ਮੇਰਾ ਕੰਮ ਹੋ ਜਾਣਾ ਚਾਹੀਦੈ ਉਹ ਵੇਖ ਮਾੜੂ ਆਉਂਦਾ ਪਿਆ।

ਝੰਡੂ : ਜੀ ਮੈਨੂੰ ਵੀ ਕੁਝ ਦਿਓ ।

ਮੱਘਰ : ਉਏ ਤੂੰ ਕੀ ਕਰਨੇ ਪੈਸੇ, ਤੇਰੀ ਕਿਹੜੀ ਤੀਵੀਂ ਬੈਠੀ ਏ।

ਝੰਡੂ : ਜੇ ਪੈਸੇ ਹੋਏ ਤਾਂ ਤੀਵੀ ਵੀ ਆ ਜਾਏਗੀ। ਜਿਸ ਤਰ੍ਹਾਂ ਤੁਹਾਡੀ ਆਣ ਲੱਗੀ ਏ।

ਤਾਬਾਂ : ਲੈ ਕਿੱਡਾ ਸਿਰ ਚੜ੍ਹਾਇਆ ਹੋਇਆ ਏ। ਹਲਾ ਤੂੰ ਫਿਕਰ ਨਾ ਕਰ। ਪਾਸੇ ਹੋ ਜਾ ਮਾੜੂ ਪਿਆ ਆਉਂਦਾ। (ਮੱਘਰ ਤੇ ਝੰਡੂ ਚਲੇ ਜਾਂਦੇ)

ਤਾਬਾਂ : ਹੂੰ .. ਬੁੱਢਾ ਸਾਨ੍ਹ। ਪੰਜਾਹਾਂ ਤੋਂ ਟੱਪ ਗਿਆ ਪਰ ਪਿਓ ਦਾਦੇ ਵਾਲੀ ਲਿਲਕ ਨਹੀਂ ਗਈ। ਚਲ ਸਾਨੂੰ ਕੀ। ਪੰਜਾਹ ਲੈ ਲਏ ਨੇ, ਦੋ ਤਿੰਨ ਸੌ ਹੋਰ ਝਾੜ ਲਵਾਂਗੀ। (ਮਾੜੂ ਆਉਂਦਾ ਏ)

ਤਾਬਾਂ : ਕੀ ਹਾਲ ਏ ਮਾੜੂ ? ਇਸ ਸਾਲ ਤਾਂ ਮੇਲਾ ਬੜਾ ਭਰਵਾਂ ਏ। ਦੂਰੋ ਦੂਰੋਂ ਮਾਲ ਵਿਕਣ ਆਇਆ ਏ। ਤੂੰ ਕੁਝ ਲਿਤੈ ? ਕੁਝ ਵੇਚਿਐ।

ਮਾੜੂ : ਮੇਰੇ ਕੋਲ ਵੇਚਣ ਨੂੰ ਹੈ ਕੀ ? ਇਕ ਬੇਰੀ।

ਤਾਬਾਂ : ਮੈਂ ਵੇਖੀ ਏ ਤੇਰੀ ਬੇਰੀ ? ਲੀਲੂ ਬੇਰਾਂ ਨਾਲ ਲੱਦੀ ਹੋਈ ਆ।

ਮਾੜੂ : ਕੋਈ ਵੇਲਾ ਸੀ ਮੇਰੇ ਕੋਲ ਖੇਤ ਸੀ, ਜਿਸ ਵਿਚ ਚਾਰ ਸੌ ਦਰਖਤ ਸਨ, ਟਾਹਲੀ, ਕਿੱਕਰਾਂ ਫਲਾਹ ਤੇ ਜੰਡ ਵੇਚ ਦਿੱਤੇ ਬਸ ਇਕ ਬੋਤਲ ਪਿਛੇ। ਇਕ ਦਰਖਤ ਨਾ ਰੱਖਿਆ। ਚਾਰ ਸੌ ਬੋਤਲਾਂ, ਤੂੰ ਸਮਝ ਲੈ ਮੈਂ ਚਾਰ ਸੋ ਦਰਖ਼ਤ ਪੀ ਗਿਆ।ਬੱਸ ਹੁਣ ਉਹ ਬੇਰੀ ਰਹਿ ਗਈ ਏ ਮੈਂ ਇਸਨੂੰ ਛੇਤੀ ਹੀ ਵੇਚ ਦੇਵਾਂਗਾ। ਪਰ ਕੋਈ ਚੰਗਾ ਗ੍ਰਾਹਕ ਚਾਹੀਦਾ ਏ।

ਤਾਬਾਂ : ਕਿਵੇਂ ਸੌਦਾ ਬਣਿਆ ?

ਮਾੜੂ : ਕੱਲ ਗਿਆਨ ਸਿੰਘ ਠੇਕੇਦਾਰ ਆਇਆ ਸੀ ਆਖਣ ਲੱਗਿਆ, ਉਹ ਬੇਰੀ ਦੇਂਦੇ, ਇਸ ਬਦਲੇ ਤੈਨੂੰ ਬੀੜ ਦੇ ਲਾਗੇ ਖੂਹ ਦੇ ਦਿਆਂਗਾ ਮੈਂ ਆਖਿਆ ਉਏ।ਮੈਂ ਕੀ ਖੂਹ ਵਿਚ ਡੁੱਬਣਾ ਏ, ਹਾਂ ਕਿਤੇ ਸ਼ਰਾਬ ਦਾ ਖੂਹ ਹੁੰਦਾ ਤਾਂ ਹੋਰ ਗੱਲ ਸੀ। ਚੁੱਭੀਆਂ ਮਾਰ ਮਾਰ ਪੀਂਦਾ ਤੇ ਸਾਰੀਆਂ ਕਸਰਾਂ ਕੱਢ ਲੈਂਦਾ। ਮੈਂ ਸੁਣਿਆ ਏ ਬਰਮਾ ਵਿਚ ਤੇਲ ਦੇ ਖੂਹ ਨੇ।ਸ਼ਰਾਬ ਦੇ ਖੂਹ ਨਹੀਂ ਕਿਤੇ।(ਕੁਝ ਰੁਕ ਕੇ) ਛੇਕੜ ਬਚੀ ਬੇਰੀ ਵੇਚ ਦਿਆਂਗਾ। ਪਰ ਚੰਗੇ ਮੁਲ ਤੇ।

ਤਾਬਾਂ : ਸਿਆਣਾ ਆਦਮੀ ਸਵਾਹ ਵੀ ਸੋਨੇ ਦੇ ਭਾਅ ਵੇਚਦਾ ਏ, ਤੇ ਕਮਲਾ ਸੋਨਾ ਵੀ ਸਵਾਹ ਦੇ ਭਾਅ ਤੇ।ਪਰ ਚੰਗੀ ਰਕਮ ਖਰੀ ਕਰਨ ਲਈ ਵਚੋਲੇ ਦੀ ਲੋੜ ਏ। ਤੂੰ ਇਸ ਕੁੜੀ ਦਾ ਸਾਕ ਟੋਲਿਆ।

ਮਾੜੂ : ਦਰਖ਼ਤ ਵੇਚਣਾ ਆਸਾਨ, ਪਰ ਕੁੜੀ ਦਾ ਵਿਆਹ ਕਰਨਾ ਬੜਾ ਔਖਾ ਏ।

ਤਾਬਾਂ : ਮੈਂ ਕਿਸ ਵਾਸਤੇ ਆਂ, ਲੋਕਾਂ ਦੀਆ ਧੀਆਂ ਤੇ ਪੁੱਤਾਂ ਦਾ ਸਾਕ ਕਰਾਉਂਦਿਆਂ ਉਮਰ ਬੀਤ ਚਲੀ ਏ, ਇਹ ਵਾਲ ਧੁਪੇ ਨਹੀਂ ਚਿੱਟੇ ਕੀਤੇ। ਇਸੇ ਪਿੰਡ ਦੇ ਸਾਰੇ ਸਾਕ ਮੈਂ ਹੀ ਤੇ ਲੈ ਕੇ ਆਈ ਹਾਂ। ਜਿਹੜੀਆਂ ਕੁੜੀਆਂ ਕਿਧਰੇ ਨਹੀਂ ਸਨ ਲਗਦੀਆ ਉਹ ਵੀ ਮੈਂ ਲਵਾ ਦਿੱਤੀਆਂ। ਜਿਹੜੇ ਦੁਹਾਜੂਆਂ ਨੂੰ ਸਾਕ ਨਹੀਂ ਸੀ ਜੁੜਦਾ ਮੈਂ ਰੁਪਈਆ ਫੜ ਲਿਆਈ ਤੂੰ ਵੇਖੀਂ ਏ ਤਰਖਾਣਾ ਦੀ ਖਖਰ ਖਾਧੀ ਕੁੜੀ।ਮੂੰਹ ਉਤੇ ਸੀਤਲਾ ਦੇ ਦਾਗ ਜਿਵੇਂ ਸਵਾਹ ਉਤੇ ਕਣੀਆ ਪਈਆਂ ਹੋਣ।ਕੋਈ ਨਹੀਂ ਸੀ ਲੈਂਦਾ।ਮੈਂ ਵਿਚ ਪਈ।ਸੁਖ ਨਾਲ ਸਰਦਾਰਾਂ ਦੇ ਘਰ ਜਾ ਵੱਸੀ। ਉਹ ਕਰਾੜਾਂ ਦੀ ਬੰਤੀ, ਉਸ ਦੀ ਸੱਜੀ ਅੱਖ ਵਿਚ ਫੋਲਾ ਸੀ, ਮੇਰੇ ਕਰਕੇ ਹੀ ਵੱਡੇ ਠੇਕੇਦਾਰਾਂ ਦੇ ਘਰ ਗਈ। ਹੁਣ ਰਾਜ ਕਰਦੀ ਏ। ਤੇ ਮੈਂ ਤਾਰੋ ਲਈ ਵਰ ਨਾ ਟੋਲੂੰ।

ਮਾੜੂ : ਫੇਰ ਹੈ ਕੋਈ ਨਜ਼ਰ ਵਿਚ।

ਤਾਬਾਂ : ਇਕ ਛੱਡ ਦਸ।

ਮਾੜੂ : ਕੁੜੀ ਨੂੰ ਤਾਂ ਇਕੋ ਵਰ ਈ ਬਥੇਰਾ ਹੁੰਦਾ, ਪਰ ਚੰਗਾ ਹੋਵੇ।

ਤਾਬਾਂ : ਫਿਕਰ ਨਾ ਕਰ। ਇਹਦੇ ਹੱਥ ਮੈਂ ਹੀ ਪੀਲੇ ਕਰੂੰ। ਅਜਿਹਾ ਵਰ ਟੋਲਾਂਗੀ। ਅਜਿਹਾ ਘਰ ਟੋਲਾਂਗੀ ਕਿ ਤੂੰ ਤਾਬਾਂ ਨੂੰ ਮੰਨ ਜਾਏਂਗਾ। ਇਹਦੇ ਵਿਆਹ ਉਤੇ ਸੁਕੇ ਲੱਡੂ ਤੇ ਜਲੇਬੀਆਂ ਨਹੀਂ ਅਮਰਤੀਆਂ ਤੇ ਬਾਲੂਸ਼ਾਹੀਆਂ ਪੱਕਣਗੀਆਂ। ਪਟਿਆਲੇ ਤੋਂ ਜਰਨੈਲੀ ਵਾਜਾ ਆਊ। ਇਹਦੀਆਂ ਸਹੇਲੀਆਂ ਤਰਸਣਗੀਆ ਅਜਿਹੇ ਘਰ ਨੂੰ।

ਮਾੜੂ : ਕਿਹੜਾ ਘਰ ਦੇਖਿਆ ਤੂੰ।

ਤਾਬਾਂ : ਲੈ ਤੂੰ ਨਹੀਂ ਸਮਝਿਆ ਹਾਲੇ ? ਮੱਘਰ ਹੋਰ ਕਿਹੜਾ ? ਦਸਾਂ ਪਿੰਡਾਂ 'ਚ ਲੋਕ ਜਾਣਦੇ ਨੇ ਉਸ ਨੂੰ ਸੁਖ ਨਾਲ ਸਭ ਕੁਝ ਏ ਖਾਣ ਪੀਣ ਨੂੰ ਚੰਗੇ ਕੱਪੜੇ ਜੋੜੇ ਦਾ ਘਾਟਾ ਨਹੀਂ। ਟੂੰਮਾਂ ਨਾਲ ਲੱਦ ਦਊ ਮੇਰੀ ਧੀ ਨੂੰ।

ਮਾੜੂ : ਉਸ ਦਾ ਤਾਂ ਪਹਿਲਾਂ ਹੀ ਤਿੰਨ ਵਾਰ ਵਿਆਹ ਹੋ ਚੁਕਿਆ, ਹੁਣ ਚੌਥੀ ਏ।

ਤਾਬਾਂ : ਉਹੋ, ਉਸ ਦੇ ਕਿਹੜਾ ਕੋਈ ਮੁੰਡਾ ਕੁੜੀ ਏ, ਉਸ ਦੀ ਤੀਵੀਂ ਤਾਂ ਕੋਈ ਬਲੂੰਗੜਾ ਵੀ ਨਹੀਂ ਜੰਮਦੀ, ਖਾਲੀ ਡਿੱਬਾ ਏ। ਇਸੇ ਲਈ ਤਾਂ ਮੱਘਰ ਵਿਆਹ ਕਰਾਉਣ ਨੂੰ ਫਿਰਦਾ। ਛੇਕੜ ਜਾਇਦਾਦ ਕੋਈ ਤਾਂ ਵਾਰਿਸ ਚਾਹੀਦਾ ਵਾ।

ਮਾੜੂ : ਪੰਜਾਹਾਂ ਤੋਂ ਟੱਪ ਗਿਆ ਏ ਮੈਂ ਨਹੀਂ ਦੇਣੀ ਕੁੜੀ ਉਸਨੂੰ।

ਤਾਬਾਂ : ਮੱਘਰ ਦਾ ਬਾਪੂ ਸੁਖ ਨਾਲ ਸਤਰ ਸਾਲ ਦਾ ਸੀ, ਤਿੰਨ ਪੁੱਤ ਹੋਏ ਉਸਦੇ – ਮੱਘਰ ਤਾਂ ਹਾਲੇ ਜਵਾਨ ਏ।

ਮਾੜੂ : ਮੈਂ ਆਪਣੀ ਧੀ ਨੂੰ ਵੇਚਣਾ ਨਹੀਂ।

ਤਾਬਾਂ : ਵੇ ਜਾ, ਮੈਂ ਜਾਣਦੀ ਆਂ ਤੈਨੂੰ ਦਾਰੂ ਦੇ ਘੁੱਟ ਬਦਲੇ ਤੂੰ ਸਭ ਕੁਝ ਵੇਚ ਆਵੇ। ਪਰ ਕਿਸੇ ਚੰਗੇ ਘਰ ਕੁੜੀ ਦੇਣ ਦੀ ਗਲ ਹੋਵੇ ਤਾਂ ਮੂੰਹ ਵਿੰਗਾ। (ਉਹ ਆਪਣੇ ਘਗਰੇ ਦੇ ਨੇਫੇ ਵਿਚੋਂ ਬੋਤਲ ਕੱਢਦੀ ਏ। ਉਹ ਬੋਤਲ ਖੋਲਦੀ ਹੈ ਤੇ ਬੋਤਲ ਉਸਦੇ ਮੂੰਹ ਨੂੰ ਲਾ ਦਿੰਦੀ ਹੈ।)

ਤਾਬਾਂ : ਲੈ ਤੇਰੇ ਮੂੰਹ ਦਾ ਸਵਾਦ ਬਦਲਣ ਨੂੰ। ਵੇ ਮਰਜੈਂ ਪਹਿਲੇ ਤੋੜ ਦੀ ਆ।

ਮਾੜੂ : ਲੈ ਇਹ ਤਾਂ ਸਵਾਦ ਆ ਗਿਆ।

ਤਾਬਾਂ : ਫੇਰ ਹਾਂ ਕਰ ਦੇਵਾਂ ਮੱਘਰ ਨੂੰ।

ਮਾੜੂ : ਮੈਂ ਕੁੜੀ ਕੁਲੋਂ ਪੁੱਛ ਲਵਾਂ।

ਤਾਬਾਂ : ਲੈ ਭਲਾ ਇਹੋ ਜਿਹੀਆਂ ਗੱਲਾਂ ਕੁੜੀ ਕੋਲੋਂ ਪੁਛੀਦੀਆਂ ਨੇ ਮੱਘਰ ਕਹਿੰਦਾ ਸੀ 500 ਰੁਪਿਆ ਦੇਵਾਗਾ।

ਮਾੜੂ : 500 ਰੁਪਏ, ਮਤਲਬ 500 ਸ਼ਰਾਬ ਦੀਆ ਬੋਤਲਾਂ।

ਤਾਬਾਂ : ਫਿਰ ਕਰ ਦਿਆਂ ਹਾਂ ?

ਮਾੜੂ : ਚਲ ਕਰ ਦੇ।

ਤਾਬਾਂ : ਫੇਰ ਗੱਲ ਹੋ ਗਈ ਪੱਕੀ।

ਮਾੜੂ : ਪੱਕੀ ਹੀ ਪੱਕੀ ਕੇ।

*(ਤਾਬਾਂ ਜਾਂਦੀ ਹੈ ਫੇਡ ਆਉਟ)*

*(ਫੇਡ ਆਊਟ)*

(ਮਾੜੂ ਮੰਜੇ ਉਤੇ ਬੈਠਾ ਗਿਟੇ ਉਤੇ ਦਵਾਈ ਲਗਾ ਰਿਹਾ ਹੈ, ਸੂਬੇਦਾਰ ਉਤੋਂ ਆਉਂਦਾ ਹੈ)

ਸੂਬੇਦਾਰ : ਹਾਲੇ ਤੀਕ ਅਰਾਮ ਨਹੀਂ ਆਇਆ ਤੇਰੇ ਗਿੱਟੇ ਨੂੰ।

ਮਾੜੂ : ਨਾ ਉਸੇ ਤਰ੍ਹਾਂ ਹੈ। ਖਰੈਤੀ ਹਕੀਮ ਦੀ ਦਵਾਈ ਲਾਈ ਪਰ ਉਸ ਨਾਲ ਅਰਾਮ ਆਉਣ ਦੀ ਥਾਂ ਦਰਦ ਦੂਣਾ ਹੋ ਗਿਆ।

ਸੂਬੇਦਾਰ : ਖਰੈਤੀ ਤਾਂ ਚੋਰ ਏ ਤੂੰ ਉਸ ਕੋਲ ਕਿਉਂ ਜਾ ਫਸਿਆ। ਮੈਨੂੰ ਵੀ ਤਾਂ ਇਕ ਵਾਰੀ ਇਸੇ ਤਰ੍ਹਾਂ ਖਰੈਤੀ ਕੋਲ ਜਾਣਾ ਪਿਆ ਸੀ। ਜਦੋਂ ਦਵਾਈ ਦੇਂਦਾ ਤਾਂ ਸੋ ਗੱਲਾਂ ਮਾਰਦਾ। ਆਖਦਾ ਆਹ ਲੈ ਪੁੜੀ ਤੇ ਆ ਲੈ ਪੀਣ ਵਾਲੀ ਦਵਾਈ। ਆਹ ਲੈ ਫੱਕੀ ਸਮਝ ਗਿਆ ਨਾ ਤੇ ਫੇਰ ਸਮਝ ਗਿਆ ਨਾ ਬਸ ਇਸ ਗੱਲ ਦੇ ਪੱਚੀ ਰੁਪਈਏ ਰਖਾ ਲਏ ਤੇ ਛੇਕੜ ਮੈਂ ਸਮਝ ਗਿਆ।

ਮਾੜੂ : ਕੀ।

ਸੂਬੇਦਾਰ : ਉਸ ਦਾ ਇਲਾਜ ਛੱਡ ਦਿੱਤਾ, ਬਸ ਇਲਾਜ ਛੱਡਣ ਦੇ ਪੱਚੀ ਰੁਪਈਏ।

ਮਾੜੂ : ਫੇਰ

ਸੂਬੇਦਾਰ : ਨਿਮ ਘੋਟ ਕੇ ਪੀਤੀ। ਕੌੜਾ ਜ਼ਹਿਰ। ਦਿਨਾਂ ਵਿਚ ਹੀ ਫਿੰਸੀਆਂ ਦਾ ਮੂੰਹ ਚੁਕਿਆ ਗਿਆ।

ਮਾੜੂ : ਕੌੜੀ ਚੀਜ਼ ਤਾਂ ਮੈਂ ਵੀ ਬਥੇਰੀ ਪੀਨਾ, ਪਰ ਪਤਾ ਨਹੀਂ ਫੇਰ ਵੀ ਖੂਨ ਵਿਚ ਕੁਝ ਨਾ ਕੁਝ ਖਰਾਬੀ ਰਹਿੰਦੀ ਏ। ਸ਼ਰਾਬ ਖੂਨ ਲਈ ਚੰਗੀ ਏ। ਪਰ ਇਸ ਨੂੰ ਪਚਾਉਣ ਲਈ ਘਿਉ ਖਾਣਾ ਚਾਹੀਦੈ।

ਸੂਬੇਦਾਰ : ਸ਼ਰਾਬ ਤੇਰੇ ਲਈ ਰੱਬ ਬਣ ਗਈ ਏ। ਸਾਰੀ ਦੁਨੀਆ ਬੋਤਲ ਵਿਚ ਹੀ ਬੰਦ ਕਰ ਲਈ ਏ। ਇਕ ਬੂੰਦ ਬਦਲੇ ਤਾਂ ਤੂੰ ਆਪਣੀ ਜ਼ਮੀਰ

ਵੀ ਵੇਚ ਦੇਵੇ।

ਮਾੜੂ : ਜੇ ਮੇਰੀ ਜ਼ਮੀਰ ਵਿਕ ਸਕੇ ਤਾਂ ਮੈਂ ਜ਼ਰੂਰ ਵੇਚ ਦਿਆਂ। ਤੂੰ ਲੈ ਲੈ ਮੇਰੀ ਜ਼ਮੀਰ ਸਸਤੀ ਹੀ ਵੇਚ ਦਿਆਂਗਾ।

ਸੂਬੇਦਾਰ : ਮੈਨੂੰ ਨਾ ਜ਼ਮੀਰ ਵੇਚਣੀ ਆਉਂਦੀ ਹੈ ਤੇ ਨਾ ਹੀ ਖਰੀਦਣੀ। ਮੱਘਰ ਵਰਗੇ ਬਥੇਰੇ ਨੇ ਜ਼ਮੀਰ ਦਾ ਸੌਦਾ ਕਰਨ ਵਾਲੇ।

ਮਾੜੂ : ਮੱਘਰ ਨਾਲ ਮੈਂ ਜ਼ਮੀਰ ਦਾ ਸੌਦਾ ਨਹੀਂ ਕੀਤਾ। ਮੱਘਰ ਨੂੰ ਮੈਂ ਤਾਰੋ ਦਾ ਸਾਕ ਦਿੱਤਾ ਹੈ।

ਸੂਬੇਦਾਰ : ਆਖਰ ਉਹੀ ਹੋਇਆ ਜਿਸ ਦਾ ਮੈਨੂੰ ਡਰ ਸੀ। ਤੈਨੂੰ ਪਤਾ ਏ। ਉਹ ਤੇਰੇ ਕੋਲ ਕਿਸੇ ਦੀ ਅਮਾਨਤ ਏ।

ਮਾੜੂ : ਇਸ ਅਮਾਨਤ ਨੂੰ ਮੈਂ 18 ਸਾਲ ਸਾਂਭੀ ਰੱਖਿਆ। ਹੁਣ ਉਹ ਫੌਜੀ ਨਹੀਂ ਆਇਆ ਤਾਂ ਮੈਂ ਕੀ ਕਰਾਂ। ਬੇਰੀ ਦਾ ਪਾਲਣਾ ਸੋਖਾ। ਪਰ ਕੁੜੀ ਦਾ ਪਾਲਣਾ ਔਖਾ। ਪਰ ਤੂੰ ਨਹੀਂ ਸਮਝੇਂਗਾ ਨਾ ਤੇਰੀ ਰੰਨ, ਨਾ ਅੱਗਾ ਤੇ ਨਾ ਹੀ ਪਿਛਾ।

ਸੂਬੇਦਾਰ : ਹਾਂ ਮੈਂ ਕਿਉਂ ਸਮਝੂੰਗਾ। (ਤਾਰੋ ਆਉਂਦੀ ਏ)

ਤਾਰੋ : ਤਾਇਆ ਮਾਮੇ ਨੇ ਬੇਰੀ ਵੇਚ ਦਿੱਤੀ ਗਿਆਨ ਸਿੰਘ ਠੇਕੇਦਾਰ ਅੱਗੇ।

ਸੂਬੇਦਾਰ : ਤੇ ਤੈਨੂੰ ਵੇਚ ਦਿੱਤਾ ਮੱਘਰ ਅੱਗੇ।

ਤਾਰੋ : ਪਰ ਮਾਮੇ ਨੇ ਮੈਨੂੰ ਪੁੱਛਿਆ ਨਹੀਂ।

ਸੂਬੇਦਾਰ : ਜਦੋਂ ਤੇਰਾ ਵਿਆਹ ਕਰੇਗਾ, ਤੈਨੂੰ ਪੁਛੇਗਾ ਥੋੜੀ, ਦਸ ਬੇਰੀ ਦਾ ਸੌਦਾ ਕਰਨ ਲੱਗਿਆ ਕੋਈ ਬੇਰੀ ਨੂੰ ਪੁੱਛਦਾ ਏ, ਦਸ ਬੇਰੀਏ ਤੈਨੂੰ ਵੇਚਾਂ ਕੇ ਰੱਖਾਂ? ਤੇ ਤੇਰਾ ਮਾਮਾ ਤੈਨੂੰ ਬੇਰੀ ਵਾਂਗ ਕੁਝ ਨਹੀਂ ਸਮਝਦਾ।

ਤਾਰੋ : ਬੇਰੀ।

ਸੂਬੇਦਾਰ : ਰੁਖਾਂ ਨੂੰ ਪਾਣੀ ਨਾਲ ਸਿੰਜਣ ਦੀ ਲੋੜ ਏ ਤੇ ਜੁਆਨ ਕੁੜੀ ਨੂੰ ਪਿਆਰ ਨਾਲ ਇਸ ਧਰਤੀ ਤੋਂ ਪਿਆਰ ਉਠਦਾ ਜਾ ਰਿਹਾ ਏ। ਕਿਹੋ ਜਿਹਾ ਵੇਲਾ ਆ ਗਿਆ ਏ। ਲੋਕ ਕੁੜੀ ਨੂੰ ਤੀਵੀ ਨੂੰ ਧਰਤੀ ਨੂੰ ਦਬੀ ਰੱਖਣਗੇ, ਉਸ ਦਾ ਸਾਹ ਘੁੱਟ ਦੇਣਗੇ। ਉਸਨੂੰ ਬੰਜਰ ਬਣਾ ਦੇਣਗੇ। ਪਰ ਉਸ ਨੂੰ ਅਜਾਦ ਨਹੀਂ ਕਰਨਗੇ। ਕਿਹੋ ਜਿਹਾ ਵੇਲਾ ਆ ਗਿਆ ਏ।

ਤਾਰੋ : ਤਾਇਆ ... (ਡੁਸਕਣ ਲੱਗ ਪੈਂਦੀ ਏ)

ਸੂਬੇਦਾਰ : ਅੱਖੀਆਂ ਕਿਉਂ ਭਰ ਲਈਆਂ ਮੇਰੀ ਬਚੜੀ? ਕੁੜੀਆਂ ਦੇ ਹਾਸੇ ਤੇ ਫੱਗਣ ਦੀਆਂ ਧੁੱਪਾਂ ਬਹੁਤਾ ਚਿਰ ਨਹੀਂ ਰਹਿੰਦੇ। ਤੂੰ ਹਸੱਦੀ ਚੰਗੀ

ਲਗਦੀ ਏ, ਮੈਂ ਵੇਖਦਾ ਹਾਂ, ਕਿ ਮੈਂ ਤੇਰੇ ਲਈ ਕੀ ਕਰ ਸਕਦਾ ਹਾਂ, ਦੁਨੀਆਂ ਵਿਚ ਹਨ੍ਹੇਰ ਹੀ ਆ ਗਿਆ ਏ, (ਤਾਬਾਂ ਆਉਂਦੀ ਹੈ)

ਤਾਬਾਂ : (ਤਾਰੋ ਨੂੰ ਵੇਖ ਕੇ) ਲੈ ਇਹ ਕਿਉਂ ਪਈ ਰੋਂਦੀ ਏ ਸੂਬੇਦਾਰਾ ?

ਸੂਬੇਦਾਰ : ਆਪਣੇ ਕਰਮਾਂ ਨੂੰ ਪਈ ਰੋਂਦੀ ਏ ਤੇ ਤੇਰੇ ਕਾਰਿਆਂ ਨੂੰ ਰੋਂਦੀ ਏ।

ਤਾਬਾਂ : ਲੈ ਮੇਰੇ ਕਾਰਿਆਂ ਨੂੰ ਕਿਉਂ ਰੋਂਦੀ ਏ। ਮੈਂ ਤਾਂ ਸਗੋਂ ਇਹਦੇ ਭਲੇ ਲਈ ਹੀ ਕੀਤਾ ਏ। ਸੂਬੇਦਾਰਾ ਸੋਹਣੀ ਕੁੜੀ ਤੂਤ ਦੀ ਛੱਟੀ ਏ, ਉਸ ਨੂੰ ਛੇਤੀ ਹੀ ਕੀੜਾ ਲਗ ਜਾਂਦਾ ਏ, ਦੁੱਧ ਨੂੰ ਜੇ ਛੰਨੇ ਵਿਚ ਰਖੀਏ ਤਾਂ ਉਹ ਫਿਟ ਜਾਦਾ ਏ, ਕਣਕ ਨੂੰ ਜੇ ਤੂੜੀ ਵਿਚ ਡਕ ਦਈਏ ਘੁਣ ਲਗ ਜਾਂਦਾ ਏ ਕੁੜੀ ਦਾ ਉਦੋਂ ਹੀ ਵਿਆਹ ਕਰ ਦੇਈਏ ਜਦੋਂ ਉਹ ਜੁਆਨ ਹੋ ਜਾਏ। ਮੈਂ ਕੋਈ ਮਾੜਾ ਕੀਤਾ ?

ਸੂਬੇਦਾਰ : ਤਾਬਾਂ ਵਰ ਜੇਕਰ ਹਾਣ ਦਾ ਹੋਵੇ ਤਾਂ ਹੀ ਠੀਕ ਏ।

ਤਾਂਬਾਂ : ਹਾਣ ਨਾਲੋਂ ਵੱਡਾ ਵਰ ਹੋਵੇ ਤਾਂ ਬਹੁਤ ਚੰਗਾ ਹੁੰਦਾ ਏ। ਪਰ ਮੈਂ ਤੈਨੂੰ ਕਿਉਂ ਸਮਝਾਵਾਂ ਤੂੰ ਵਿਚ ਕੀ ਲਗਦਾ ਏ। ਨਾ ਤੂੰ ਕੁੜੀ ਦਾ ਚਾਚਾ। ਨਾ ਤੂੰ ਕੁੜੀ ਦਾ ਮਾਮਾ। ਪਰ ਕੁੜੀ ਦਾ ਮਾਮਾ ਕਿਥੇ ਏ, ਮੈਂ ਕਿਹਾ ਸੂਬੇਦਾਰਾ ਕੁੜੀ ਦਾ ਮਾਮਾ ਕਿਥੇ ਏ ?

ਸੂਬੇਦਾਰ : ਮੈਨੂੰ ਕੀ ਪਤਾ ? ਮੈਂ ਨਾ ਕੁੜੀ ਦਾ ਮਾਮਾ, ਨਾ ਕੁੜੀ ਦਾ ਚਾਚਾ।

*(ਤਾਰੋ ਇਕ ਪਾਸੇ ਤੇ ਸੂਬੇਦਾਰ ਦੂਜੇ ਪਾਸੇ ਜਾਂਦਾ ਹੈ)*

ਤਾਬਾਂ : ਲੈ ਇਥੇ ਤਾਂ ਕੋਈ ਤਿਆਰੀ ਨਹੀਂ। ਚਲ ਨਾ ਸਹੀ । ਸਾਡੇ ਪੈਸੇ ਤਾਂ ਖਰੇ ਹੋ ਗਏ ਨੇ। (ਮਾਡੂ ਆਉਂਦਾ ਏ)

ਤਾਬਾਂ : ਲੈ ਮਾਡੂ ਕਿਥੇ ਗਿਆ ਸੀ। ਉਤੋਂ ਜੰਞ ਆਉਣ ਦਾ ਵੇਲਾ ਹੋ ਗਿਆ।

ਮਾਡੂ : ਕੀ ਕਿਹਾ ਕੀ ਆਉਣ ਦਾ ਵੇਲਾ ਹੋ ਗਿਆ।

ਤਾਬਾਂ : ਜੰਞ।

ਮਾਡੂ : ਅੱਛਾ ਜੰਞ। ਫਿਰ ਆ ਜਾਵੇ ਵੇਖ ਮੈਂ ਗੁਲਾਬੀ ਪੱਗ ਬੱਧੀ ਏ (ਢੱਠੀ ਪੱਗ ਸੁਆਰਦਾ ਏ ਡਿੱਗ ਪੈਂਦਾ ਏ) (ਮੱਘਰ ਆਉਂਦਾ ਏ ਹੱਥ ਵਿਚ ਗੁਲਾਬੀ ਚੁੰਨੀ ਏ ਝੰਡੂ ਨੇ ਪਿਛੇ ਟਰੰਕੀ ਚੁੱਕੀ ਏ)

ਮੱਘਰ : ਲੈ ਤਾਬਾਂ ਅਸੀਂ ਆ ਗਏ।

ਤਾਬਾਂ : ਧੰਨ ਭਾਗ ... ਤਾਰੋ... ਤਾਰੋ।

ਤਾਬਾਂ : ਵੇਖ ਤਾਰੋ ਤੇਰੇ ਲਈ ਸ਼ਗਨਾਂ ਵਾਲੀ ਚੁੰਨੀ ਲਿਆਇਆ ਤੇਰਾ ਲਾੜਾ।

ਤਾਰੋ : ਇਹ ਚੁੰਨੀ ਨਹੀਂ ਇਹ ਮੇਰਾ ਕਫਨ ਏ, ਮੇਰਾ ਕਫ਼ਨ ਏ। (ਕਹਿੰਦੀ ਕਹਿੰਦੀ ਚਲੀ ਜਾਂਦੀ ਹੈ)

ਮੱਘਰ : ਕੀ ਕਹਿੰਦੀ ਏ ਇਹ।

ਤਾਬਾਂ : ਸ਼ਰਮਾ ਗਈ ਏ।
ਮੱਘਰ : ਹੈਂ ਸ਼ਰਮਾ ਗਈ ਏ।
ਝੰਡੂ : ਹਾਂ ਸਰਕਾਰ ਸ਼ਰਮਾ ਗਈ ਏ।
ਤਾਬਾਂ : ਮੈਂ ਜਾ ਕੇ ਤਿਆਰ ਕਰਨੀ ਆ।
ਮੱਘਰ : ਹਾਂ ਜਲਦੀ ਤਿਆਰ ਕਰ।
ਮੱਘਰ : (ਝੰਡੂ ਨੂੰ) ਉਏ ਕਿਤੇ ਸਰਦਾਰਨੀ ਨੂੰ ਤਾਂ ਨਹੀਂ ਪਤਾ ਲਗਿਆ।
ਝੰਡੂ : ਸਰਦਾਰਨੀ ਆਪਣੀ ਮਾਂ ਦੀ ਸੇਵਾ ਲੱਗੀ ਏ। ਉਹ ਛੇਕੜਲੇ ਸਾਹਾਂ ਤੇ ਏ।
ਮੱਘਰ : ਮੈਨੂੰ ਵੀ ਉਡੀਕਦੀ ਏ। ਉਏ ਉਹਦੇ ਛੇਕੜਲੇ ਸਾਹ ਜਲਦੀ ਨਿਕਲਣ। ਬਾਕੀ ਦੇ ਸਾਹ ਤਾਂ ਨਿਕਲ ਗਏ। ਇਹ ਛੇਕੜਲੇ ਕਿਉਂ ਨਹੀਂ ਪਿਆ ਨਿਕਲਦਾ।
ਝੰਡੂ : ਲਗਦਾ ਏ ਕਿ ਵੱਡੀ ਸਰਦਾਰਨੀ ਨੇ ਵੀ ਕਾਫ਼ੀ ਕੁਸ਼ਤਾ ਖਾਧਾ ਏ।
ਮੱਘਰ : ਉਏ ਕੁਸ਼ਤਾ ਸਰਦਾਰ ਹੀ ਖਾਂਦੇ ਨੇ। ਸਰਦਾਰਨੀਆਂ ਨਹੀਂ। ਵੇਖ ਖਾ ਇਥੇ ਕੋਈ ਧੋਲਾ ਤਾਂ ਨਹੀਂ ਦਿਸਦਾ।
ਝੰਡੂ : ਨਾ ਜੀ ਧੋਲੇ ਦਾ ਅੱਜ ਕੀ ਕੰਮ।
ਮੱਘਰ : ਤਾਬਾਂ ਅੰਦਰ ਕੀ ਪਈ ਕਰਦੀ ਏ? ਛੇਤੀ ਲੈ ਚਲੋ ਕੁੜੀ ਨੂੰ ਗੁਰਦੁਆਰੇ – ਭਾਈ ਵੀ ਕੰਜਰ ਭਾਰਾਂ ਤੇ ਪੈਂਦਾ ਸੀ।
ਝੰਡੂ : ਸਵਾ ਹੋਰ ਉਹਦੀ ਤਲੀ ਤੇ ਟਿਕਾ ਦੇਣਾ ਆਪੇ ਭਾਰ ਲਹਿ ਜਾਵੇਗਾ।
ਮੱਘਰ : ਮਾੜੂ ਨੂੰ ਵੀ ਨਾਲ ਲੈਣਾ ਨਾ ਭੁੱਲੀਂ।
ਮਾੜੂ : ਕਿਸੇ ਨੇ ਮੈਨੂੰ ਬੁਲਾਇਆ ਏ? ਬੇਰੀ ਨੂੰ ਵੱਢ ਕੇ ਲੈ ਗਏ। ਲਿਲੋ ਬੇਰੀ ਨੂੰ। ਮੈਂ ਆਖਿਆ ਮੇਰੇ ਬੇਰੀ ਤੁਹਾਡੀ ਉਨ੍ਹਾਂ ਹੱਸ ਕੇ ਆਖਿਆ ਬੇਰਾਂ ਬਾਝੋਂ ਬੇਰੀ ਕੀ ਕਰਣੀ ਏ। ਸਾਰੇ ਬੇਰ ਤੋੜ ਲਏ। ਲਿਲੋ ਬੇਰੀ।
ਤਾਬਾਂ : (ਘਬਰਾਈ ਹੋਈ ਆਉਂਦੀ ਏ) ਵੇ ਮੱਘਰਾ ਗਜ਼ਬ ਹੋ ਗਿਆ।
ਮੱਘਰ : ਕੀ ਹੋਇਆ ਤਾਬਾਂ।
ਤਾਬਾਂ : ਵੇ ਤਾਰੋ ਘਰੋਂ ਭੱਜ ਗਈ।
ਮੱਘਰ : ਕੀ ਕਿਹਾ ਘਰੋਂ ਭੱਜ ਗਈ। ਮੈਂ ਵੇਹਨਾ ਵਾਂ, ਭੱਜ ਕੇ ਜਾਊ ਕਿਥੇ, ਪੂਜੇ ਪੰਜਾਹ ਖਰਚੇ ਨੇ।
ਝੰਡੂ : ਆਹੋ ਜੀ, ਅੱਗੇ ਸਾਡੀ ਭੱਜ ਗਈ ਸੀ, ਹੁਣ ਤੁਹਾਡੀ ਭੱਜ ਗਈ।
ਮੱਘਰ : ਚੁੱਪ ਕਰ ਉਏ ਕੰਜਰਾ। ਚੱਲ ਮੇਰੇ ਨਾਲ।

*(ਸਾਰੇ ਤੁਰਦੇ ਨੇ–ਬਾਹਰੋਂ ਸੂਬੇਦਾਰ ਤਾਰੋ ਦੀ ਲਾਸ਼ ਹੱਥਾਂ 'ਤੇ ਚੁੱਕੀ ਲਿਆਉਂਦਾ ਹੈ।)*

ਤਾਬਾਂ-ਮੱਘਰ : (ਕੱਠੇ) ਇਹ ਕੀ ਸੂਬੇਦਾਰਾ।

ਸੂਬੇਦਾਰ : ਤਾਰੋ ਨੇ ਖੂਹ ਵਿਚ ਛਾਲ ਮਾਰ ਕੇ ਜਾਨ ਦੇ ਦਿੱਤੀ।

ਮੱਘਰ : ਕੀ ਕਿਹਾ ਤਾਰੋ ਮਰ ਗਈ ਏ ?

ਸੂਬੇਦਾਰ : ਹਾਂ ਮੱਘਰਾ ਜਦੋਂ ਧੀਆਂ ਦੀਆਂ ਇਜੱਤਾਂ ਦੇ ਸੌਦੇ ਸ਼ਰਾਬਾਂ ਦੀਆਂ ਬੋਤਲਾਂ ਦੇ ਨਾਲ ਹੋਣ ਲੱਗ ਪੈਣ ਤਾਂ ਉਸ ਵੇਲੇ ਘਰਾਂ 'ਚੋਂ ਧੀਆਂ ਦੀਆਂ ਡੋਲੀਆਂ ਨਹੀਂ ਅਰਥੀਆਂ ਉਠਦੀਆਂ ਹਨ।

ਗੀਤ : ਨੀ ਬੱਲੀਏ ਕਣਕ ਦੀਏ
ਤੈਨੂੰ ਖਾਣਗੇ ਨਸੀਬਾਂ ਵਾਲੇ